BC Centre for Disease Control
Provincial Health Services Authority

STI/HIV Services 604.707.5600
Clinical Prevention Services 604.707.5604
655 West 12th Avenue bccdc.ca
Vancouver, BC V5Z 4R4 SmartSexResource.com

# ਸਿਫ਼ਲਿਸ (ਆਤਸ਼ਕ) ਦੇ ਟ੍ਰੀਟਮੈਂਟ ਲਈ ਪੈਨੇਸੀਲਿਨ ਜੀ ਬੈਨਜ਼ਾਥਾਈਨ (ਬਿਸੀਲਿਨ ਐੱਲ.ਏ. – Bicillin® L-A)

# Penicillin G Benzathine (Bicillin® L-A)

For Treatment of Syphilis

**ਲੰਮੇ ਸਮੇਂ ਤਕ ਅਸਰ ਕਰਨ ਵਾਲੀ ਪੈਨੇਸੀਲਿਨ ਜੀ ਬੈਨਜ਼ਾਥਾਈਨ (ਬਿਸੀਲਿਨ ਐੱਲ.ਏ. – Bicillin® L-A)** ਸਿਫ਼ਲਿਸ ਵਾਸਤੇ ਤਰਜੀਹੀ ਐਂਟੀਬਾਇਓਟਿਕ ਟ੍ਰੀਟਮੈਂਟ ਹੈ। ਹਰ ਖ਼ੁਰਾਕ ਵਾਸਤੇ ਮਾਸਪੇਸ਼ੀਆਂ ਵਿੱਚ ਦੋ ਟੀਕੇ ਲਗਾਏ ਜਾਂਦੇ ਹਨ, ਇੱਕੋ ਫ਼ੇਰੀ ਦੌਰਾਨ ਹਰ ਇੱਕ ਚਿੱਤੜ (ਮਨਪਸੰਦ ਜਗ੍ਹਾ) ਵਿਚ ਇੱਕ ਇੱਕ ਟੀਕਾ ਲਗਾਇਆ ਜਾਂਦਾ ਹੈ।

**ਬਿਸੀਲਿਨ ਐੱਲ.ਏ. (Bicillin® L-A) 2.4 ਮਿਲੀਅਨ ਯੂਨਿਟ ਦੀ ਇੱਕ ਖ਼ੁਰਾਕ** ਆਮ ਤੌਰ ’ਤੇ ਸਿਫ਼ਲਿਸ ਦੇ ਇਲਾਜ ਲਈ ਕਾਫ਼ੀ ਹੁੰਦੀ ਹੈ। ਪਰ ਜੇ ਇਨਫ਼ੈਕਸ਼ਨ ਇੱਕ ਸਾਲ ਤੋਂ ਵੱਧ ਸਮੇਂ ਲਈ ਜਾਂ ਅਣਜਾਣੇ ਸਮੇਂ ਤੋਂ ਚਲਦੀ ਆ ਰਹੀ ਹੈ ਤਾਂ ਬਿਸੀਲਿਨ ਐੱਲ.ਏ. (Bicillin® L-A) 2.4 ਮਿਲੀਅਨ ਯੂਨਿਟ ਦੀਆਂ ਜ਼ਿਆਦਾ ਖ਼ੁਰਾਕਾਂ ਦੀ ਲੋੜ ਪੈ ਸਕਦੀ ਹੈ; ਇਹ ਟੀਕੇ ਤਿੰਨ ਹਫ਼ਤਿਆਂ ਦੌਰਾਨ ਹਰ ਹਫ਼ਤੇ ਇੱਕ ਵਾਰੀ ਲਗਾਏ ਜਾਂਦੇ ਹਨ।

## ਐਲਰਜੀਆਂ (Allergies)

- ਜੇ ਤੁਹਾਨੂੰ ਪੈਨਸਿਲੀਨ ਜਾਂ ਸੈਫਲੋਸਪੋਰੀਨ ਤੋਂ ਐਂਟੀਬਾਇਟਕ ਐਲਰਜੀ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ:
  - ਜਿਵੇਂ ਕਿ ਪੈਨਸਿਲਿਨ ਵੀ-ਕੇ, ਐਮੌਕਸੀਲਿਨ (Amoxil® – ਐਮੌਕਸਿਲ)
  - ਜਿਵੇਂ ਕਿ ਸੇਫਿਕਸੀਨ (Suprax® – ਸੁਪਰੈਕਸ), ਸੇਫਾਲੈਕਸੀਨ (Keflex® – ਕੀਫਲੈਕਸ), ਸੀਫੈਕਟਰ (Ceclor® – ਸ਼ੈਕਲੋਰ)

## ਗਰਭਕਾਲ ਅਤੇ ਆਪਣਾ ਦੁੱਧ ਚੁੰਘਾਉਣਾ (Pregnancy and Chest/Breastfeeding)

- ਜੇ ਤੁਸੀਂ ਬੱਚੇ ਨੂੰ ਆਪਣਾ ਦੁੱਧ ਚੁੰਘਾਉਂਦੇ ਹੋ ਤਾਂ ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।
- ਜੇ ਗਰਭਵਤੀ ਹੋਣ ਜਾਂ ਬੱਚੇ ਨੂੰ ਆਪਣਾ ਦੁੱਧ ਚੁੰਘਾਉਣ ਦੌਰਾਨ ਤੁਹਾਡੇ ਵਿੱਚ ਸਿਫ਼ਲਿਸ ਦੀ ਪਛਾਣ ਕੀਤੀ ਜਾਂਦੀ ਹੈ ਤਾਂ ਤੁਹਾਨੂੰ ਟ੍ਰੀਟਮੈਂਟ ਮਿਲਣਾ ਬਹੁਤ ਮਹੱਤਵਪੂਰਣ ਹੈ।
- ਜੇ ਗਰਭ ਅਵਸਥਾ ਦੌਰਾਨ ਤੁਹਾਡਾ ਸਿਫ਼ਲਿਸ ਦਾ ਇਲਾਜ ਕੀਤਾ ਜਾ ਰਿਹਾ ਹੈ, ਤਾਂ ਧਿਆਨ ਦੇਣ ਯੋਗ ਵਿਸ਼ੇਸ਼ ਸਿਫਾਰਿਸ਼ਾਂ ਬਾਰੇ ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਵਿਚਾਰ-ਵਟਾਂਦਰਾ ਕਰੋ।

## ਸਾਵਧਾਨੀ (Caution)

- **ਦੂਜੀਆਂ ਦਵਾਈਆਂ ਉੱਪਰ ਪ੍ਰਭਾਵ:** ਇਸ ਦਸਤਾਵੇਜ਼ ਵਿੱਚ ਹਰ ਕਿਸਮ ਦੀ ਦਵਾਈ ਉੱਪਰ ਪੈਣ ਵਾਲੇ ਪ੍ਰਭਾਵਾਂ ਬਾਰੇ ਨਹੀਂ ਦੱਸਿਆ ਗਿਆ। ਜੇ ਤੁਸੀਂ ਕੋਈ ਪ੍ਰਿਸਕ੍ਰਿਪਸ਼ਨ, ਗ਼ੈਰ-ਪ੍ਰਿਸਕ੍ਰਿਪਸ਼ਨ, ਹਰਬਲ, ਜਾਂ ਮਨ-ਪਰਚਾਵੇ ਵਾਲੇ ਕੋਈ ਉਤਪਾਦ ਇਸਤੇਮਾਲ ਕਰ ਰਹੇ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।



*Last review by BCCDC Pharmacy: January 2026 - Punjabi*

## ਟ੍ਰੀਟਮੈਂਟ ਤੋਂ ਬਾਅਦ ਆਪਣੀ ਦੇਖਭਾਲ (Care of Yourself After Treatment)

- ਬਿਸੀਲਿਨ- ਐੱਲ.ਏ. (Bicillin® L-A) ਦੇ ਟੀਕੇ ਲਗਾਉਣ ਤੋਂ ਬਾਅਦ ਤੁਹਾਨੂੰ ਕਲੀਨਿਕ ਵਿੱਚ 15 ਮਿੰਟਾਂ ਲਈ ਇੰਤਜ਼ਾਰ ਕਰਨ ਵਾਸਤੇ ਕਿਹਾ ਜਾਵੇਗਾ।
- ਟ੍ਰੀਟਮੈਂਟ ਤੋਂ ਬਾਅਦ ਜੇ ਤੁਹਾਡੇ ਵਿੱਚ ਕੋਈ ਰੀਐਕਸ਼ਨ ਹੋਵੇ (ਜਿਵੇਂ ਕਿ ਧੱਫੜ, ਖਾਜ, ਜਾਂ ਸਾਹ ਲੈਣ ਵਿੱਚ ਮੁਸ਼ਕਲ) ਤਾਂ ਕਿਰਪਾ ਕਰਕੇ ਤੁਰੰਤ ਕਿਸੇ ਸਟਾਫ਼ ਮੈਂਬਰ ਨੂੰ ਸੂਚਿਤ ਕਰੋ।
- ਜੇ ਕਲੀਨਿਕ ਤੋਂ ਜਾਣ ਮਗਰੋਂ ਇਹ ਲੱਛਣ ਸਾਹਮਣੇ ਆਉਣ ਤਾਂ ਤੁਰੰਤ ਐਮਰਜੈਂਸੀ ਦੇਖਭਾਲ ਹਾਸਲ ਕਰੋ (9-1-1 ’ਤੇ ਫੋਨ ਕਰੋ ਜਾਂ ਹਸਪਤਾਲ ਜਾਂ ਅਰਜੈਂਟ ਕੇਅਰ ਸੈਂਟਰ ਵਿਖੇ ਜਾਓ)।

## ਮਾੜੇ ਪ੍ਰਭਾਵ (Side Effects)

- ਟੀਕੇ ਵਾਲੀ ਥਾਂ ’ਤੇ ਤੁਹਾਨੂੰ ਥੋੜ੍ਹਾ ਸਮਾਂ ਰਹਿਣ ਵਾਲਾ ਮਾਮੂਲੀ ਦਰਦ ਹੋ ਸਕਦਾ ਹੈ।
- ਟ੍ਰੀਟਮੈਂਟ ਤੋਂ ਬਾਅਦ ਤੁਹਾਨੂੰ ਦਸਤ ਲੱਗ ਸਕਦੇ ਹਨ।
- ਕਈਆਂ ਨੂੰ **ਯੈਰਿਸ਼–ਹਰਕਜ਼ਹਾਈਮਰ ਰੀਐਕਸ਼ਨ** ਹੋ ਸਕਦਾ ਹੈ**:** ਬੁਖ਼ਾਰ, ਕੰਬਣੀ, ਮਾਸਪੇਸ਼ੀਆਂ ਵਿੱਚ ਦਰਦ, ਸਿਰ ਦਰਦ, ਜਾਂ ਥਕਾਵਟ।
    - ਯੈਰਿਸ਼–ਹਰਕਜ਼ਹਾਈਮਰ ਰੀਐਕਸ਼ਨ ਥੋੜ੍ਹਾ ਸਮਾਂ ਰਹਿਣ ਵਾਲੇ ਮਾੜੇ ਪ੍ਰਭਾਵਾਂ ਦਾ ਇੱਕ ਸਮੂਹ ਹੁੰਦਾ ਹੈ ਜੋ ਸਿਫ਼ਲਿਸ ਦੇ ਟ੍ਰੀਟਮੈਂਟ ਤੋਂ ਬਾਅਦ ਕੁਝ ਘੰਟਿਆਂ ਦੇ ਅੰਦਰ-ਅੰਦਰ ਵਾਪਰ ਸਕਦਾ ਹੈ; ਪਰ ਸਭ ਨੂੰ ਇਹ ਰੀਐਕਸ਼ਨ ਨਹੀਂ ਹੋਵੇਗਾ।
    - ਚਿੰਤਾ ਨਾ ਕਰੋ, **ਇਹ ਕੋਈ ਐਲਰਜਿਕ ਪ੍ਰਤੀਕਰਮ ਨਹੀਂ ਹੈ** ਅਤੇ ਆਮ ਤੌਰ ’ਤੇ 24 ਘੰਟੇ ਦੇ ਅੰਦਰ ਖ਼ਤਮ ਹੋ ਜਾਂਦਾ ਹੈ।
    - ਲੱਛਣਾਂ ਵਿੱਚ ਰਾਹਤ ਲਈ ਤੁਸੀਂ ਅਸੀਟਾਮਿਨੋਫ਼ੇਨ (ਟਾਇਲੇਨੌਲ – Tylenol®) ਜਾਂ ਆਈਬੂਪ੍ਰੋਫ਼ਿਨ (ਐਡਵਿਲ – Advil®) ਲੈ ਸਕਦੇ ਹੋ।
- ਜੇ ਇਨ੍ਹਾਂ ਵਿੱਚੋਂ ਕੋਈ ਵੀ ਪ੍ਰਭਾਵ ਜਾਰੀ ਰਹੇ ਜਾਂ ਬਦਤਰ ਹੋ ਜਾਵੇ ਤਾਂ ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

## ਸਿਫ਼ਲਿਸ ਦੇ ਪੜਾਅ (Stages of Syphilis)

- ਟ੍ਰੀਟਮੈਂਟ ਅਤੇ ਫ਼ਾਲੋ-ਅੱਪ ਸੰਬੰਧੀ ਸਿਫ਼ਾਰਿਸ਼ਾਂ ਇਸ ਗੱਲ ਉੱਪਰ ਨਿਰਭਰ ਕਰਦੀਆਂ ਹਨ ਕਿ ਸਿਫ਼ਲਿਸ ਦੀ ਇਨਫ਼ੈਕਸ਼ਨ ਤੁਹਾਡੇ ਸਰੀਰ ਅੰਦਰ ਕਦੋਂ ਤੋਂ ਮੌਜੂਦ ਹੈ। ਤੁਸੀਂ ਸਿਫ਼ਲਿਸ ਦੇ ਕਿਹੜਾ ਪੜਾਅ ਹੰਢਾ ਰਹੇ ਹੋ ਅਤੇ ਇਸ ਲਈ ਕਿਹੜੇ ਟ੍ਰੀਟਮੈਂਟ ਦੀ ਲੋੜ ਹੈ ਇਸ ਬਾਰੇ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਦੱਸੇਗਾ। ਤੁਹਾਡੇ ਜੀਵਨ ਸਾਥੀ ਨਾਲ ਫਾਲੋ-ਅੱਪ ਕਰਨ ਅਤੇ ਫਾਲੋ-ਅੱਪ ਟੈਸਟਿੰਗ ਸੰਬੰਧੀ ਸਿਫ਼ਾਰਿਸ਼ਾਂ ਬਾਰੇ ਗੱਲਬਾਤ ਕਰਨ ਲਈ ਪਬਲਿਕ ਹੈਲਥ ਵੱਲੋਂ ਤੁਹਾਨੂੰ ਕਿਸੇ ਨਰਸ ਦਾ ਫ਼ੋਨ ਵੀ ਆ ਸਕਦਾ ਹੈ

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਜ਼ਿਆਦਾ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ www.smartsexresource.com ’ਤੇ ਜਾਓ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

SmartSex ਸਰੋਤ: ਸਿਫਿਲਿਸ

BCCDC ਸਿਹਤ ਜਾਣਕਾਰੀ: ਸਿਫਿਲਿਸ